




# ਹਬੀਬ ਜਾਲਿਬ ਦੀ ਕਾਵਿ-ਸਮਰੱਥਾ

ਹਬੀਬ ਜਾਲਿਬ ਪਾਕਿਸਤਾਨੀ ਪੰਜਾਬ ਦਾ ਪ੍ਰਸਿੱਧ ਲੋਕ ਕਵੀ ਸੀ। ਉਹ ਉਰਦੂ ਅਤੇ ਪੰਜਾਬੀ ਕਵਿਤਾ ਦਾ ਬਹੁਤ ਚਰਚਿਤ ਅਤੇ ਸਮਰੱਥਾਵਾਨ ਨਾਂ ਹੈ। ਭਾਵੇਂ ਉਸ ਦੀ ਵਧੇਰੇ ਕਵਿਤਾ ਉਰਦੂ ਵਿਚ ਲਿਖੀ ਗਈ ਸੀ ਪਰ ਉਸਨੇ ਬਹੁਤ ਸਾਰੀਆਂ ਕਵਿਤਾਵਾਂ ਪੰਜਾਬੀ ਵਿਚ ਵੀ ਲਿਖੀਆਂ ਹਨ। ਪਾਕਿਸਤਾਨ ਦੇ ਗੰਭੀਰ ਅਦਬੀ ਹਲਕਿਆਂ ਨੇ ਉਸ ਦੇ ਜਿਉਂਦੇ ਜੀਅ, ਉਸ ਦੀ ਕਾਵਿ-ਸ਼ਕਤੀ ਨੂੰ ਪਛਾਣ ਤੇ ਪ੍ਰਵਾਨ ਕਰ ਲਿਆ ਸੀ। ਹਬੀਬ ਜਾਲਿਬ ਦੀ ਵਡਿਆਈ ਇਸ ਗੱਲ ਵਿਚ ਸੀ ਕਿ ਉਸ ਨੇ ਆਪਣੇ ਕਾਵਿ-ਦੌਰ ਵਿਚ ਆਪਣੇ ਆਵਾਮ ਦੇ ਮੁੱਖ ਦੁਸ਼ਮਣਾਂ ਨੂੰ ਪਛਾਣ ਕੇ ਉਨ੍ਹਾਂ ਦੀ ਸਪਸ਼ਟ-ਭਾਂਤ ਨਿਸ਼ਾਨ-ਦੇਹੀ ਕਰ ਲਈ ਸੀ। ਆਪਣੇ ਕਾਵਿ-ਸਫ਼ਰ ਦੇ ਰੁਮਾਂਟਿਕ ਅਤੇ ਮੁੱਢਲੇ ਦੌਰ ਨੂੰ ਪਾਰ ਕਰਦੇ ਹੋਏ, ਉਸ ਦਾ ਵਾਹ-ਵਾਸਤਾ ਉਹਨਾਂ ਕਠੋਰ ਵਿਰੋਧਤਾਈਆਂ ਨਾਲ ਪੈ ਗਿਆ, ਜਿਨ੍ਹਾਂ ਪ੍ਰਤੀ ਉਸ ਦੇ ਸਮਕਾਲੀ-ਕਵੀਆਂ ਨੇ ਬਿੱਲੀ ਨੂੰ ਵੇਖ, ਕਬੂਤਰ ਵਾਂਗ ਅੱਖਾਂ ਮੀਟ ਲਈਆਂ ਸਨ। ਭਾਵੇਂ ਕਿ ਅੱਖਾਂ ਮੀਟਿਆਂ, ਹਾਲਾਤ ਨੂੰ ਅਣਡਿੱਠ ਕੀਤਿਆਂ ਵੀ, ਹਕੀਕਤਾਂ ਅਥਵਾ ਸਮਾਜਕ ਹਾਲਾਤ ਬਦਲਦੇ ਨਹੀਂ ਹੁੰਦੇ।

ਹਬੀਬ ਜਾਲਿਬ ਦੀ ਉਰਦੂ ਕਵਿਤਾ ਆਮ ਲੋਕਾਂ ਦੀ ਜ਼ੁਬਾਨ ਵਿਚ ਲਿਖੀ ਹੋਣ ਕਾਰਨ ਅਵਾਮ ਨੂੰ ਬੜੀ ਪ੍ਰਭਾਵਿਤ ਕਰਦੀ ਸੀ। ਹਬੀਬ ਆਪਣੀ ਉਰਦੂ ਸ਼ਾਇਰੀ ਵਿਚ ਉਹਨਾਂ ਰਾਜਸੀ ਤੇ ਸਮਾਜਕ ਮਸਲਿਆਂ ਨੂੰ ਪੇਸ਼ ਕਰਦਾ ਸੀ, ਜਿਹੜੇ ਲੋਕਾਂ ਦੇ ਜੀਵਨ ਨੂੰ ਪ੍ਰਭਾਵਿਤ ਕਰਦੇ ਸਨ। ਉਹ ਨਿਰਭੈ ਤੇ ਜ਼ੁਰਅਤ ਵਾਲਾ ਕਵੀ ਸੀ, ਜੋ ਫ਼ੌਜੀ ਹਕੂਮਤ ਦੀਆਂ ਲੋਕ-ਵਿਰੋਧੀ ਨੀਤੀਆਂ ਨੂੰ ਕਵੀ-ਦਰਬਾਰਾਂ ਵਿਚ ਸਰੋਤਿਆਂ ਸਾਹਮਣੇ ਪੇਸ਼ ਕਰਦਾ ਸੀ, ਜਿਸ ਕਾਰਨ ਉਸਨੂੰ ਹਕੂਮਤੀ ਜਬਰ ਸਹਿਣਾ ਪੈਂਦਾ ਰਿਹਾ ਹੈ। ਹਬੀਬ ਜਾਲਿਬ ਨੂੰ ਲੰਮੀਆਂ ਜੇਲ੍ਹ ਯਾਤਰਾਵਾਂ ਤੇ ਨਜ਼ਰਬੰਦੀਆਂ ਸਹਿਣੀਆਂ ਪਈਆਂ ਸਨ। ਪਰ ਉਸ ਨੇ ਕਦੇ ਸਰਕਾਰੀ ਈਨ ਨਹੀਂ ਮੰਨੀ ਸੀ। ਉਸ ਵਿਚ ਵੱਡੀ ਖ਼ੂਬੀ ਇਹ ਸੀ ਕਿ ਉਹ ਆਪਣੀ ਛੰਦ-ਬੱਧ ਉਰਦੂ ਕਵਿਤਾ ਨੂੰ ਤਰੰਨਮ ਨਾਲ ਗਾ ਕੇ ਪੇਸ਼ ਕਰਦਾ ਸੀ। ਕਈ ਵਾਰ ਤਾਨਾਸ਼ਾਹ ਹਕੂਮਤ ਨੇ ਉਸਦੇ ਕਵੀ-ਦਰਬਾਰ ਵਿਚ ਨਜ਼ਮ ਪੜ੍ਹਨ ਉੱਤੇ ਪਾਬੰਦੀ ਲਾਈ ਸੀ ਪਰ ਹਬੀਬ ਜਾਲਿਬ ਕਿਸੇ ਪੱਖੋਂ ਡਰਿਆ ਜਾਂ ਡੋਲਿਆ ਨਹੀਂ ਸੀ। ਕਈ ਵਾਰ ਉਸ ਨੂੰ ਫ਼ੌਜੀ ਰਾਜ ਦੇ ਵਿਰੋਧ ਕਰਨ ਤੋਂ ਰੋਕਣ ਲਈ ਸਰਕਾਰ ਵਲੋਂ ਲੱਖਾਂ ਰੁਪਏ ਦੀ ਪੇਸ਼ਕਸ਼ ਹੋਈ, ਪਰ ਹਬੀਬ ਨੇ ਅਜਿਹੀ ਹਰ ਪੇਸ਼ਕਸ਼ ਠੁਕਰਾ ਦਿੱਤੀ ਅਤੇ ਆਪਣੇ ਈਮਾਨ ਨੂੰ ਕਾਇਮ ਰੱਖਿਆ। ਜੇ ਕੋਈ ਸਿਰਲੱਥ ਅਥਵਾ ਸਿਰਫਿਰਿਆ ਲੋਕ-ਹਤੈਸ਼ੀ ਕਵੀ ਹਾਕਮ ਫ਼ੌਜੀਆਂ ਦੀ ਸ਼ਾਂਤੀ ਨੂੰ ਭੰਗ ਕਰਨ ਦੀ ਕੋਸ਼ਿਸ਼ ਕਰਦਾ ਸੀ ਤਾਂ ਉਸਨੂੰ ਸ਼ਰੇਆਮ ਕੋੜੇ ਮਾਰੇ ਜਾਂਦੇ ਸਨ ਅਤੇ ਥਾਣੇ ਵਿਚ ਸੱਦ ਦੇ ਜ਼ਲੀਲ ਕੀਤਾ ਜਾਂਦਾ ਸੀ। ਜੇ ਕੋਈ ਫਿਰ ਵੀ ਚੁੱਪ ਨਹੀਂ ਸੀ ਰਹਿ ਸਕਦਾ ਤਾਂ ਉਸ ਲਈ ਜੇਲ੍ਹ ਦੀ ਕਾਲ-ਕੋਠੜੀ ਦੇ ਦਰਵਾਜ਼ੇ ਖੋਲ੍ਹ ਦਿੱਤੇ ਜਾਂਦੇ ਸਨ। ਹਬੀਬ ਜਾਲਿਬ ਨੇ



**ਡਾ. ਹਰਪ੍ਰੀਤ ਸਿੰਘ ਹੁੰਦਲ**
ਐਸੋਸੀਏਟ ਪ੍ਰੋਫੈਸਰ
ਪੋਸਟ ਗ੍ਰੈਜੂਏਟ
ਪੰਜਾਬੀ ਵਿਭਾਗ
ਸਿੱਖ ਨੈਸ਼ਨਲ ਕਾਲਜ
ਕਾਦੀਆਂ
9463684511
drhundal.snc@
gmail.com

ਇਸ ਚੁਣੌਤੀ ਨੂੰ ਪਰਵਾਨ ਕੀਤਾ ਤੇ ਆਪਣੇ ਸਮੇਂ ਦੇ ਸਮਾਜਕ ਸੱਚ ਦੇ ਰੂ-ਬ-ਰੂ ਹੋਣ ਦੀ ਦਲੇਰੀ ਵਿਖਾਈ। ਏਸੇ ਗੱਲ ਵਿਚ ਹੀ ਜਾਲਿਬ ਦੀ ਅਜ਼ਮਤ ਹੈ-

ਜੋ ਕਹਿਨੇ ਕੀ ਬਾਤ ਥੀ, ਕਹਿ ਕਰ ਦਾਰੋ-ਰਸਨ ਤੱਕ ਆਏ ਹੈਂ।
ਹੋਂਟੋ ਪਰ ਹੈ ਗੀਤ ਵਫ਼ਾ ਕਾ, ਆਹ ਨਹੀਂ, ਫਰਿਆਦ ਨਹੀਂ।
ਲੋਹੇ-ਜਹਾਂ ਪਰ ਨਾਮ ਤੁਮ੍ਹਾਰਾ ਲਿਖਾ ਰਹੇਗਾ ਯੂੰਹੀ
ਜਾਲਿਬ ਸੱਚ ਕਾ ਦਮ ਭਰ ਜਾਨਾ, ਸੱਚ ਹੀ ਲਿਖਤੇ ਜਾਨਾ।

(ਕੁਲਿਆਤਿ- ਹਬੀਬ ਜਾਲਿਬ, ਸਮੁੱਚੀ ਕਵਿਤਾ)

ਫ਼ੌਜੀ ਤਾਨਾਸ਼ਾਹੀ ਦੇ ਭਿਆਨਕ ਦੌਰ ਵਿਚ ਪਾਕਿਸਤਾਨ ਦੀ ਸ਼ਾਇਰੀ ਵਿਚ ਦੋ ਤਿੰਨ ਨਾਂ ਹੀ ਐਸੇ ਰੌਸ਼ਨ ਸਿਤਾਰਿਆਂ ਵਾਂਗ ਚਮਕਦੇ ਵਿਖਾਈ ਦਿੰਦੇ ਹਨ, ਜਿਹਨਾਂ ਨੇ ਇਸ ਭਿਆਨਕ ਦੌਰ ਵਿਚ ਵੀ, ਸ਼ਾਹਾਂ ਤੇ ਤਾਨਾਸ਼ਾਹਾਂ ਦੇ ਕਸੀਦੇ ਲਿਖਣ ਦਾ ਰਾਹ ਨਹੀਂ ਅਪਣਾਇਆ। ਹਬੀਬ ਜਾਲਿਬ, ਉਸਤਾਦ ਦਾਮਨ ਅਤੇ ਫ਼ੈਜ਼ ਅਹਿਮਦ ਫ਼ੈਜ਼ ਦੀ ਸ਼ਾਇਰੀ ਇਸ ਪ੍ਰਤੀ ਇਤਿਹਾਸਕ ਤੇ ਸਾਹਿਤਕ ਦਸਤਾਵੇਜ਼ ਦੇ ਰੂਪ ਵਿਚ ਪ੍ਰਮਾਣਿਤ ਹੈ।

ਖ਼ੌਫ਼ ਦਾ ਸਾਇਆ ਜ਼ਿਹਨ ਆਪਣੇ ਦੇ ਆਉਣ ਨਾ ਦਿੱਤਾ ਕੋਲ,
ਧੰਨ ਜਿਗਰਾ ਸਾਡਾ ਵੀ ਜਾਲਬ ਰਹੇ ਬਲਾਵਾਂ ਨਾਲ।

(ਰਾਤ-ਕੁਲਹਿਣੀ, ਪੰਨਾ 32)

ਹਬੀਬ ਜਾਲਿਬ ਦੇ ਸਮੁੱਚੇ ਕਲਾਮ ਵਿਚ ਰਾਜਨੀਤੀ ਤੇ ਸ਼ਾਇਰੀ ਦੇ ਆਪਸੀ ਸੰਬੰਧਾਂ ਨੂੰ ਅਣਡਿੱਠ ਨਹੀਂ ਕੀਤਾ ਜਾਂਦਾ। ਤਾਨਾਸ਼ਾਹੀ ਦੇ ਘਿਰਣਤ ਦੌਰ ਬਾਰੇ ਨਿਸੰਗ ਹੋ ਕੇ ਕਵਿਤਾ ਦਾ ਵਿਸ਼ਾ-ਵਸਤੂ ਬਣਾਉਣਾ, ਹਰ ਜਣੇ-ਖਣੇ ਸ਼ਾਇਰ ਦੇ ਵੱਸ ਦਾ ਰੋਗ ਨਹੀਂ ਸੀ। ਸੱਚ ਨੂੰ ਬੇਬਾਕ ਅਥਵਾ ਨਿਸੰਗ ਹੋ ਕੇ ਬਿਆਨ ਕਰਨ ਨਾਲ ਸਪਸ਼ਟ ਹੈ ਕਿ ਸਰਕਾਰ ਦੇ ਜ਼ੁਲਮ ਤੇ ਤਸ਼ੱਦਦ ਨੂੰ ਪਿੰਡੇ ਉਤੇ ਝੱਲਣਾ ਪੈਂਦਾ ਹੈ। ਜਾਲਿਬ ਨੇ ਆਪਣੇ ਸਮੇਂ ਤੇ ਆਪਣੇ ਦੇਸ਼ ਵਿਚ ਆਜ਼ਾਦੀ ਤੇ ਲੋਕ-ਰਾਜ ਸਮੇਂ ਆਮ ਲੋਕਾਂ ਦੇ ਜਮਹੂਰੀ ਅਧਿਕਾਰਾਂ ਦੇ ਕੁਚਲਣ ਨੂੰ ਡੂੰਘੀ ਤਰ੍ਹਾਂ ਅਨੁਭਵ ਕੀਤਾ ਸੀ ਅਤੇ ਬਹੁਤੀਆਂ ਕਵਿਤਾਵਾਂ ਵਿਚ ਸ਼ਕਤੀਸ਼ਾਲੀ ਸੁਰ ਨੂੰ ਬਿਆਨ ਕੀਤਾ ਹੈ।

ਨਾ ਡਗਮਗਾਏ ਕਭੀ ਹਮ ਵਫ਼ਾ ਕੇ ਰਸਤੇ ਮੇਂ
ਚਿਰਾਗ਼ ਹਮ ਨੇ ਜਲਾਏ ਹਵਾ ਕੇ ਰਸਤੇ ਮੇਂ।
ਯਿਹ ਨਫ਼ਰਤੋਂ ਕੀ ਫਸੀਂਲੇ, ਜਹਾਲਤੋਂ ਕੇ ਹਿਸਾਰ
ਨਾ ਰਹਿ ਸਕੇਂਗੇ ਹਮਾਰੀ ਸਦਾਅ ਕੇ ਰਸਤੇ ਮੇਂ।

(ਕਲਿਆ ਤੇ ਹਬੀਬ ਜਾਲਿਬ)

ਹਬੀਬ ਜਾਲਿਬ ਨੂੰ ਪੱਕਾ ਵਿਸ਼ਵਾਸ ਸੀ ਕਿ ਸਮਾਜ ਵਿੱਚ, ਦੇਸ਼ ਵਿਚ ਤੇ ਕੁਦਰਤ ਦੇ ਨੇਮਾਂ ਵਿਚ ਪਰਿਵਰਤਨ ਅਵੱਸ਼ ਆਉਂਦੇ ਰਹਿੰਦੇ ਹਨ ਤੇ ਪਰਿਵਰਤਨਾਂ ਦੀ ਚਾਲਕ-ਸ਼ਕਤੀ ਕਿਸੇ ਵੀ ਦੇਸ਼ ਦੇ ਮਿਹਨਤਕਸ਼ ਅਤੇ ਚੇਤੰਨ ਅਵਾਮ ਅਥਵਾ ਆਮ ਲੋਕ ਹੁੰਦੇ ਹਨ। ਜਾਬਰ ਤੋਂ ਜਾਬਰ ਹੁਕਮਰਾਨ ਵੀ ਅਖ਼ੀਰ ਨੂੰ ਖ਼ਤਮ ਹੋ ਜਾਂਦੇ ਹਨ ਇਸ ਤਬਦੀਲੀ ਲਈ ਲੋਕ ਲੜਦੇ ਹਨ, ਮਰਦੇ ਹਨ ਤੇ ਮਾਰਦੇ ਹਨ। ਅਖ਼ੀਰ ਵਿਚ ਜਬਰ ਦਾ ਰਾਜ, ਕਿਸੇ ਨਾ ਕਿਸੇ ਬਹਾਨੇ ਖ਼ਤਮ ਹੋ ਜਾਂਦਾ ਹੈ। ਇਹ ਦ੍ਰਿੜ ਵਿਸ਼ਵਾਸ ਤੇ ਹੌਸਲਾ ਹੀ ਜਾਲਿਬ ਦੀ ਸ਼ਾਇਰੀ ਦੀ ਤਾਕਤ ਦਾ ਭੇਦ ਸੀ, ਜਿਸ ਦੇ ਆਸਰੇ ਉਹ ਦੋ ਫ਼ੌਜ਼ੀ ਤਾਨਾਸ਼ਾਹਾਂ ਦੇ ਵਿਰੁੱਧ ਨਿਰਭੈ ਹੋ ਕੇ ਲੜਦਾ ਤੇ ਜੂਝਦਾ ਰਿਹਾ। ਜਦੋਂ ਲਗਭਗ ਸਾਰੇ ਹੀ ਸ਼ਾਇਰ ਚੁੱਪ ਹੋ ਗਏ ਸਨ ਤੇ ਜਾਲਿਬ ਦੀ ਕਾਵਿ-ਆਵਾਜ਼ ਬਰਾਬਰ ਤੇ ਨਿਰੰਤਰ ਗੂੰਜਦੀ, ਗਰਜਦੀ ਰਹੀ ਤੇ ਲੋਕਾਂ ਨੂੰ ਹਰਕਤ ਵਿਚ ਆਉਣ ਲਈ ਪ੍ਰੇਰਦੀ ਰਹੀ। ਏਸੇ ਗੱਲ ਵਿਚ ਉਸ ਦੀ ਵਡਿਆਈ ਹੈ।

ਬਾਬਾ ਮਰ ਗਿਆ ਏਂ ਤੇ ਮਰਵਾ ਗਿਆ ਏਂ
ਸਾਨੂੰ ਵੱਸ ਤੂੰ ਕਿੰਨ੍ਹਾਂ ਦੇ ਪਾ ਗਿਆ ਏਂ
ਆਪਣਾ ਉੱਚਾ ਮਜ਼ਾਰ ਬਣਵਾ ਗਿਆ ਏਂ
ਸਾਡੀ ਕੁੱਲੀ ਨੂੰ ਵੀ ਸੜਵਾ ਗਿਆ ਏ।

(ਰਾਤ-ਕੁਲਹਿਣੀ, ਪੰਨਾ 47)

ਦੇਣਾ ਪੜੇ ਕੁਛ ਭੀ ਹਰਜਾਨਾ ਸੱਚ ਹੀ ਲਿਖਤੇ ਜਾਨਾ
ਮੱਤ ਘਬਰਾਨਾ, ਮੱਤ ਡਰ ਜਾਨਾ, ਸੱਚ ਹੀ ਲਿਖਤੇ ਜਾਨਾ

ਬਾਤਲ ਕੀ ਮੂੰਹ-ਜ਼ੋਰ ਹਵਾ ਸੇ ਜੋ ਨਾ ਕਭੀ ਬੁਝ ਪਾਏ,
ਵੋਹ ਸਮੇਂ ਰੋਸ਼ਨ ਕਰ ਜਾਨਾ, ਸੱਚ ਹੀ ਲਿਖਤੇ ਜਾਨਾ।

(ਕਲਿਆਤੇ ਹਬੀਬ ਜਾਲਿਬ, ਪੰਨਾ 266)

ਹਬੀਬ ਜਾਲਿਬ ਇਕ ਪ੍ਰਤੀਬੱਧ ਸ਼ਾਇਰ ਸੀ, ਜੋ ਨਿਰੰਤਰ, ਆਪਣੀ ਰਚਨਾ ਨਾਲ ਸਰਕਾਰ, ਸਥਾਪਤੀ ਤੇ ਰਾਜ ਪ੍ਰਬੰਧ ਦੀਆਂ ਸੰਸਥਾਵਾਂ ਨਾਲ ਟਕਰਾਉਂਦਾ ਰਿਹਾ ਹੈ ਅਤੇ ਆਮ ਲੋਕਾਂ ਵਿਚ ਲੜਨ-ਭਿੜਨ ਤੇ ਸੰਘਰਸ਼ ਕਰਨ ਦੀ ਦਲੇਰੀ ਤੇ ਜ਼ੁਰਅਤ ਉਤਪੰਨ ਕਰਦਾ ਰਿਹਾ ਹੈ। ਉਸ ਦੇ ਬੋਲਾਂ ਵਿਚ ਅਤੇ ਸ਼ਾਇਰੀ ਵਿਚ ਡੂੰਘਾ ਆਤਮ ਵਿਸ਼ਵਾਸ ਸੀ। ਉਸ ਦਾ ਹੌਂਸਲਾ ਹਮੇਸ਼ਾ ਬਲੁੰਦ ਰਿਹਾ ਸੀ।

ਹਬੀਬ ਜਾਲਿਬ ਦੀ ਸ਼ਾਇਰੀ ਦੇ ਨਿਕਟ ਅਧਿਐਨ ਤੋਂ ਉਸ ਦੇ ਵਰਤੇ ਗਏ ਕਾਵਿ-ਰੂਪਾਂ ਵੱਲ ਧਿਆਨ ਜਾਣਾ ਕੁਦਰਤੀ ਹੈ। ਉਸ ਨੇ ਬੰਦਸ਼ ਵਾਲੀ ਸ਼ਾਇਰੀ ਅਥਵਾ ਗ਼ਜ਼ਲ ਵੀ ਲਿਖੀ ਹੈ, ਉਸ ਦੀ ਗ਼ਜ਼ਲ ਵਜ਼ਨ ਪੱਖੋਂ ਕਾਫ਼ੀ ਪੁਖਤਾ ਹੈ। ਪਰ ਇਹ ਗੱਲ ਵੀ ਧਿਆਨ ਦੇਣ ਵਾਲੀ ਹੈ ਕਿ ਬਹੁਤੇ ਸ਼ਿਅਰਾਂ ਵਿਚ ਉੱਚੀ ਕਾਲਪਨਿਕ ਉਡਾਰੀ ਤੇ ਵਿਚਾਰਧਾਰਕ ਡੂੰਘਾਈ ਨਹੀਂ। ਕਿਤੇ-ਕਿਤੇ ਚੰਗੇ ਸ਼ਿਅਰ ਵੀ ਹਨ। ਖ਼ਾਸ ਕਰਕੇ ਜਦੋਂ ਉਹ ਤਾਨਾਸ਼ਾਹੀ ਤਾਕਤਾਂ ਨਾਲ ਵਿਰੋਧ ਵਿਚ ਆ ਕੇ ਆਪਣੇ ਜੀਵਨ ਵਿਚੋਂ ਜਾਤੀ ਅਨੁਭਵ ਨੂੰ ਜੋੜ ਕੇ ਗੱਲ ਕਰਦਾ ਹੈ, ਤਾਂ ਬਹੁਤ ਵਜ਼ਨਦਾਰ ਸ਼ਿਅਰਾਂ ਦੀ ਸਿਰਜਣਾ ਕਰਦਾ ਹੈ। ਹਰ ਕਵੀ ਦੀ ਹਰ ਕਾਵਿ-ਰਚਨਾ ਸ਼ਾਹਕਾਰ ਨਹੀਂ ਹੁੰਦੀ। ਖ਼ਿਆਲ ਅਥਵਾ ਕਲਪਨਾ ਦੀ ਬੁਲੰਦੀ ਅਤੇ ਵਿਚਾਰਧਾਰਕ ਡੂੰਘਾਈ ਦਾ ਸੁਮੇਲ ਹਰ ਰਚਨਾ ਵਿਚ ਸੰਭਵ ਨਹੀਂ ਹੁੰਦਾ।

1969 ਈ. ਦਾ ਸਾਲ ਹਬੀਬ ਜਾਲਿਬ ਦੀ ਸਾਹਿਤਕ ਚੜ੍ਹਤ ਦਾ ਦੌਰ ਸੀ। ਉਹ ਪਾਕਿਸਤਾਨ ਦੇ ਉਰਦੂ ਤੇ ਪੰਜਾਬੀ ਦੇ ਲੇਖਕ ਹਲਕਿਆਂ ਵਿਚ ਬੜੇ ਯੋਧੇ ਤੇ ਸ਼ੰਘਰਸ਼ਸ਼ੀਲ ਕਵੀ ਵਜੋਂ ਪ੍ਰਸਿੱਧ ਹੋ ਚੁੱਕੇ ਸਨ। ਇਹ ਦੌਰ ਫ਼ੌਜੀ ਰਾਜ ਦਾ ਸੀ, ਜਦੋਂ ਇਸ ਰਾਜ ਦੀ ਜਨਤਕ-ਵਿਰੋਧਤਾ ਦੇ ਸਮੇਂ ਹਬੀਬ ਜਾਲਿਬ ਦੀਆਂ ਲੋਕ-ਮੁਖੀ ਕਵਿਤਾਵਾਂ ਦੇ ਸੰਗ੍ਰਹਿ 'ਸਰੇ-ਮਕਤਲ' ਦੀਆਂ ਇਕੋ ਸਾਲ ਵਿਚ ਕਈ ਐਡੀਸ਼ਨ ਛਪ ਤੇ ਵਿਕ ਚੁੱਕੇ ਸਨ ਅਤੇ ਅਖ਼ੀਰ ਵਿਚ ਇਸ ਸੰਗ੍ਰਹਿ ਦੇ ਛਾਪਣ ਉਤੇ ਫ਼ੌਜੀ-ਰਾਜ ਦੇ ਅਧਿਕਾਰੀਆਂ ਨੇ ਪਾਬੰਦੀ ਲਾ ਦਿੱਤੀ ਸੀ। ਉਹ ਫ਼ੌਜੀ ਤਾਨਾਸ਼ਾਹੀ ਦੌਰ ਦਾ ਸਿਰਕੱਢ ਰਾਜਸੀ ਸ਼ਾਇਰ ਸੀ। ਜੋ ਲੋਕਾਂ ਦੀਆਂ ਜਮਹੂਰੀ ਲੋਕ-ਰਾਜੀ ਭਾਵਨਾਵਾਂ ਦਾ ਪ੍ਰਤੀਨਿਧ ਸ਼ਾਇਰ ਸੀ। ਲੋਕ ਉਸ ਦੀ ਸ਼ਾਇਰੀ ਰਾਹੀਂ ਆਪਣੀਆਂ ਮੰਗਾਂ, ਉਮੰਗਾਂ ਤੇ ਸਧਰਾਂ ਸੁਪਨਿਆਂ ਦੀ ਪੂਰਤੀ ਹੁੰਦੀ ਵੇਖਦੇ ਸਨ। ਉਹ ਲਿਖਦਾ ਹੈ :-

ਸੱਚ ਕਹਿ ਕੇ ਕਿਸੀ ਦੌਰ ਮੇਂ, ਪਛਤਾਏ ਨਹੀਂ ਹਮ
ਕਿਰਦਾਰ ਪੇ ਅਪਨੇ ਕਭੀ ਸ਼ਰਮਾਏ ਨਹੀਂ ਹਮ
ਜ਼ਿੰਦਾਂ ਕੇ ਦਰੋ-ਬਾਮ ਹਮੇਂ ਦੇਰੀ ਨਾ ਸ਼ਨਾਸਾ
ਪਹੁੰਚੇ ਹੈ ਸਰੇ-ਦਾਰ ਤੋਂ, ਘਬਰਾਏ ਨਹੀਂ ਹਮ।

(ਸ਼ਾਇਰ ਸ਼ੋਹਲਾ-ਨਵਾ)

ਹਬੀਬ ਜਾਲਿਬ ਦੇ ਸਮੁੱਚੇ ਕਲਾਮ ਵਿਚ, ਥਾਂ ਪਰ ਥਾਂ ਹਵਾਲਾ-ਯੋਗ ਸ਼ਿਅਰ ਹਨ, ਜੋ ਉਸ ਦੇ ਅਕੀਦਿਆਂ ਅਤੇ ਵਿਸ਼ਵਾਸਾਂ ਦੀ ਪ੍ਰਤੀਨਿੱਧਤਾ ਕਰਦੇ ਹਨ। ਉਸ ਨੇ ਆਪਣੀ ਸ਼ਾਇਰੀ ਦਾ ਆਰੰਭ ਰੁਮਾਂਟਿਕ ਅਥਵਾ ਪਿਆਰ ਕਵਿਤਾਵਾਂ ਤੋਂ ਕੀਤਾ ਸੀ। ਉਸ ਦੀ ਆਵਾਜ਼ ਵਿਚ ਵੀ ਰਸ ਸੀ ਅਤੇ ਉਹ ਸਟੇਜ ਉਪਰ ਤਰੰਨਮ ਨਾਲ ਗਾ ਕੇ ਆਪਣਾ ਪ੍ਰਭਾਵ ਪਾ ਜਾਂਦਾ ਸੀ। ਉਸ ਦੀ ਇਕ ਬਹੁਤ ਹਰਮਨ ਪਿਆਰੀ ਨਜ਼ਮ 'ਕੰਮੀਂ ਦੀ ਧੀ' ਪੇਸ਼ ਹੈ

ਧੀ ਕੰਮੀਂ ਦੀ
ਵੱਡੇ ਘਰ ਵਿਚ ਬੁੱਤੀਆਂ ਕਰਦੀ
ਹੰਝੂ ਪੀਂਦੀ, ਹਉਕੇ ਭਰਦੀ
ਨਾ ਇਹ ਜੀਊਂਦੀ

ਅੱਧੀ ਰਾਤੀਂ ਛੋਟੀ ਬੀਬੀ ਕਹਿੰਦੀ
ਉੱਠ ਤਕੀਏ ਵੱਲ ਚੱਲੀਏ

ਜੇ ਕੰਮੀਂ ਨੇ ਪਿੰਡ ਵਿਚ ਰਹਿਣਾ
ਫਿਰ ਇਹ ਸਭ ਕੁਝ ਕਰਨਾ ਪੈਣਾ।

(ਰਾਤ ਕੁਲਹਿਣੀ)

ਸਪਸ਼ਟ ਹੈ ਕਿ ਕੰਮੀਂ ਦਾ ਵਸੇਬਾ ਪਿੰਡ ਦੀ ਰਹਿਤਲ ਵਿਚ ਤਾਂ ਹੀ ਸੰਭਵ ਹੈ, ਜੇ ਉਹਨਾਂ ਦੀਆਂ ਧੀਆਂ, ਜਗੀਰਦਾਰਾਂ ਦੇ ਪਰਿਵਾਰਾਂ ਦੇ ਹਰ ਮੈਂਬਰ ਦੀ, ਰਾਤ-ਦਿਨ ਸੇਵਾ ਤੇ ਗੁਲਾਮੀ ਕਰਨ। ਹਬੀਬ ਨੇ ਪੂਰੀ ਸ਼ਕਤੀ ਨਾਲ ਅਤੇ ਕਲਾਤਮਕ ਸੰਖੇਪਤਾ ਨਾਲ ਸਾਰੀ ਸਥਿਤੀ ਨੂੰ ਥੋੜੇ ਸ਼ਬਦਾਂ ਨਾਲ ਬਿਆਨ ਕੀਤਾ ਹੈ।

ਹਬੀਬ ਜਾਲਿਬ ਦੀ ਸ਼ਾਇਰੀ ਵਿਚ ਹੌਲੀ-ਹੌਲੀ ਦੇਸ਼ ਨੂੰ ਦਰਪੇਸ਼ ਗੰਭੀਰ ਚੁਣੌਤੀਆਂ ਉਜਾਗਰ ਹੋਣ ਲੱਗੀਆਂ। ਫ਼ੌਜ ਦੀਆਂ ਵਧੀਕੀਆਂ ਅਤੇ ਖ਼ੌਫ਼ ਉਸ ਦੀ ਕਵਿਤਾ ਵਿਚ ਇਕ ਨਵਾਂ ਜੋਸ਼ ਪੈਦਾ ਕਰਦਾ ਸੀ। ਸਿਆਸੀ ਅਤੇ ਵਿਧਾਨਕ ਚੁਣੌਤੀਆਂ ਨੂੰ ਸੰਬੋਧਨ ਹੋਣਾ, ਪੁਲਿਸ-ਤਸ਼ੱਦਦ ਤੇ ਜੇਲ੍ਹ ਦੀਆਂ ਖੱਜਲ-ਖਵਾਰੀਆਂ ਨੂੰ ਸੱਦਾ ਦੇਣਾ ਸੀ , ਪਰ ਹਬੀਬ ਆਪਣੇ ਆਵਾਮ ਨਾਲ ਖਲੌਂਦਾ ਹੋਇਆ ਇਹ ਕਾਰਜ ਬੇਖ਼ੌਫ਼ ਹੋ ਕੇ ਕਰਦਾ ਰਿਹਾ। ਇਹੋ ਉਸ ਦੀ ਪ੍ਰਾਪਤੀ ਹੈ। ਏਸੇ ਕਾਰਨ ਉਸ ਦੀ ਸ਼ਾਇਰੀ ਨੂੰ ਆਮ ਲੋਕਾਂ ਵਲੋਂ ਪ੍ਰਵਾਨਗੀ ਪ੍ਰਾਪਤ ਹੈ। ਉਸ ਦੀ ਸਮੁੱਚੀ ਸ਼ਾਇਰੀ ਸਮਾਜਕ, ਰਾਜਸੀ ਅਵੱਸਥਾ ਦਾ ਬਾਖ਼ੂਬੀ ਪ੍ਰਦਰਸ਼ਨ ਕਰਦੀ ਹੈ। ਇਸ ਲਈ ਕਹਿ ਸਕਦੇ ਹਾਂ ਕਿ ਹਬੀਬ ਜਾਲਿਬ ਪਾਕਿਸਤਾਨੀ ਪੰਜਾਬ ਦਾ ਪ੍ਰਮੁੱਖ ਉਰਦੂ/ਪੰਜਾਬੀ ਲੋਕ ਕਵੀ ਸੀ, ਜਿਸਨੂੰ ਬੇਹੱਦ ਲੋਕ ਪ੍ਰਵਾਨਗੀ ਪ੍ਰਾਪਤ ਹੋਈ। ਭਾਵੇਂ ਕਿ ਆਪਣੇ ਲਿਖੇ ਹਰਫ਼ਾਂ ਲਈ ਸਰਕਾਰੀ ਜਬਰ ਵੀ ਚੱਲਣਾ ਪਿਆ।

ਹਬੀਬ ਜਾਲਿਬ ਨੂੰ ਜਿਨਾਂ ਸੁਪ੍ਰਸਿੱਧ ਕਵਿਤਾਵਾਂ ਅਥਵਾ ਨਜ਼ਮਾਂ ਕਾਰਨ ਵਿਸ਼ੇਸ਼ ਪ੍ਰਸਿੱਧੀ ਪ੍ਰਾਪਤ ਹੋਈ ਸੀ, ਉਹ ਗ਼ਜ਼ਲਾਂ ਨਹੀਂ, ਨਜ਼ਮਾਂ ਹੀ ਸਨ। ਇਹਨਾਂ ਰਚਨਾਵਾਂ ਨੂੰ ਆਜ਼ਾਦ ਨਜ਼ਮਾਂ ਨਹੀਂ ਕਿਹਾ ਜਾ ਸਕਦਾ। ਇਹਨਾਂ ਵਿਚ ਲੈ-ਤਾਲ ਤੇ ਕਾਫ਼ੀਆ-ਬੰਦੀ ਹੈ ਅਤੇ ਇਹ ਸਾਦੀ ਜ਼ੁਬਾਨ ਵਿੱਚ, ਲੋਕਾਂ ਦੀ ਆਮ ਸਮਝ ਵਿਚ ਆਉਣ ਵਾਲੀਆਂ ਰਚਨਾਵਾਂ ਹਨ। ਹਬੀਬ ਜਾਲਿਬ ਦੀ ਸਾਹਿਤਕ ਦੇਣ ਇਸ ਕਾਰਨ ਵੀ ਵੱਡਮੁੱਲੀ ਹੈ ਕਿ ਔਖੇ ਹਾਲਾਤ ਵਿਚ ਵੀ ਉਸ ਨੇ ਹੱਕ ਤੇ ਸੱਚ ਦੀ ਆਵਾਜ਼ ਨੂੰ ਪਾਕਿਸਤਾਨ ਦੇ ਆਵਾਮ ਤੱਕ ਪਹੁੰਚਾ ਕੇ ਤਾਨਾਸ਼ਾਹੀ ਜ਼ੁਲਮ ਨੂੰ ਚੁਣੌਤੀ ਦਿੱਤੀ ਹੈ। ਇਹ ਕਠਿਨ ਕਾਰਜ ਹਰ ਕਵੀ ਨਹੀਂ ਕਰ ਸਕਦਾ। ਉਸ ਦਾ ਇਹ ਕੰਮ ਇਤਿਹਾਸਕ ਮਹੱਤਤਾ ਵਾਲਾ ਤੇ ਗੌਰਵਸ਼ਾਲੀ ਹੈ।

## ਹਵਾਲੇ ਤੇ ਟਿੱਪਣੀਆਂ


1. **ਕੁਲਿਆਤਿ- ਹਬੀਬ ਜਾਲਿਬ (ਸਮੁੱਚੀ ਰਚਨਾ)** ਤਾਹਿਰ ਪਬਲਿਸ਼ਰਜ਼ ਉਰਦੂ ਬਾਜ਼ਾਰ-ਲਾਹੌਰ-ਪਾਕਿਸਤਾਨ 2010.
2. **ਰਾਤ ਕੁਲਹਿਣੀ- ਹਬੀਬ ਜਾਲਿਬ : ਜ਼ਿੰਦਗੀ ਤੇ ਸ਼ਾਇਰੀ**, ਸੰਪਾਦਕ ਹਰਭਜਨ ਸਿੰਘ ਹੁੰਦਲ, ਪੰਜਾਬੀ ਸਾਹਿਤ ਅਕਾਡਮੀ, ਲੁਧਿਆਣਾ, 2014.
3. **ਵਿਸ਼ਵ ਕਵੀ**, ਹਰਭਜਨ ਸਿੰਘ ਹੁੰਦਲ, ਮਨਪ੍ਰੀਤ ਪ੍ਰਕਾਸ਼ਨ, ਦਿੱਲੀ, 2016.


◈